ISSN: 2584-0231(Online)
International Journal of Multidisciplinary Research in Arts, Science and Technology
Volume 4 | Issue 8 | August 2026
Available online at: https://ijmrast.com
DOI: https://doi.org/10.59828/ijmrast.v4i8.301

# ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿੱਚ ਨਾਰੀ-ਚੇਤਨਾ ਅਤੇ ਨਵੀਂ ਪੀੜ੍ਹੀ ਦੇ ਅੰਤਰ-ਦਵੰਦ

# Amanpal Sara Diya Kahania Vich Nari-Chetna Ate Navi Peedhi De Antar-Dvand

**ਡਾ. ਸੁਨੀਤਾ ਰਾਣੀ**
ਐਸੋਸੀਏਟ ਪ੍ਰੋਫ਼ੈਸਰ ਪੰਜਾਬੀ, ਸੇਠ ਨਵਰੰਗ ਰਾਏ ਲੋਹੀਆ ਜੈਰਾਮ ਗਰਲਜ਼ ਕਾਲਜ, ਲੋਹਾਰ ਮਾਜਰਾ, ਕੁਰੂਕਸ਼ੇਤਰ
**Email:** punjabijrg@gmail.com

## Abstract (ਐਬਸਟ੍ਰੈਕਟ)

*ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਤੌਰ ਉੱਤੇ ਪਰਵਾਸੀ ਪੰਜਾਬੀ ਕਹਾਣੀ ਪੰਜਾਬੀ ਮਨ ਦੇ ਅਨੁਭਵਾਂ, ਸੱਭਿਆਚਾਰਕ ਤਬਦੀਲੀਆਂ ਅਤੇ ਨਾਰੀ ਹੋਂਦ ਦੇ ਸਮਾਜਿਕ-ਮਨੋਵਿਗਿਆਨਿਕ ਪੱਖਾਂ ਦਾ ਗੰਭੀਰ ਵਿਸ਼ਲੇਸ਼ਣ ਕਰਦੀ ਹੈ। ਪਰਵਾਸੀ ਪੰਜਾਬੀ ਕਹਾਣੀ ਵਿਦੇਸ਼ੀ ਧਰਤੀ ਉੱਤੇ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ-ਜੁੜਨ ਦੇ ਸੰਘਰਸ਼ ਅਤੇ ਯਥਾਰਥ ਨੂੰ ਬਾਰੀਕੀ ਨਾਲ ਪੇਸ਼ ਕਰਦੀ ਹੈ। ਅਮਨਪਾਲ ਸਾਰਾ ਵਰਗੇ ਪ੍ਰਮੁੱਖ ਪਰਵਾਸੀ ਪੰਜਾਬੀ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਬੇਗਾਨੀ ਧਰਤੀ ਉੱਤੇ ਨਵੀਂ ਪੀੜ੍ਹੀ ਅਤੇ ਪੰਜਾਬੀ ਔਰਤ ਦੀ ਦੁਚਿੱਤੀ, ਅੰਦਰੂਨੀ ਸੰਘਰਸ਼, ਆਜ਼ਾਦੀ ਦੀ ਪੁਕਾਰ ਅਤੇ ਪੁਰਖ-ਪ੍ਰਭੂਤਾਵਾਦੀ ਸੰਸਕਾਰਾਂ ਨਾਲ ਉਸ ਦੀ ਟੱਕਰ ਨੂੰ ਸੰਵੇਦਨਸ਼ੀਲਤਾ ਨਾਲ ਉਕੇਰਿਆ ਗਿਆ ਹੈ। ਇਹ ਖੋਜ ਪੱਤਰ ਭਾਰਤੀ ਸਮਾਜ ਵਿੱਚ ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਪੁਰਖ-ਪ੍ਰਭੂਤਾ, ਲਿੰਗ-ਭੇਦ ਅਤੇ ਨਾਰੀ ਅਧੀਨਗੀ ਦੀ ਸਥਿਤੀ ਦਾ ਵਿਸ਼ਲੇਸ਼ਣ ਕਰਦਿਆਂ ਇਹ ਦਰਸਾਉਂਦਾ ਹੈ ਕਿ ਕਿਵੇਂ ਅਮਨਪਾਲ ਸਾਰਾ ਦੀ ਗਲਪ-ਦ੍ਰਿਸ਼ਟੀ ਵਿੱਚ ਔਰਤ ਆਪਣੇ ਸਰੀਰਕ ਤੇ ਆਤਮਿਕ ਅਧਿਕਾਰਾਂ ਲਈ ਜੂਝਦੀ ਹੋਈ ਇੱਕ ਨਵੀਂ ਸੱਭਿਆਚਾਰਕ ਤੇ ਮਨੋਵਿਗਿਆਨਿਕ ਪਛਾਣ ਦਾ ਨਿਰਮਾਣ ਕਰਦੀ ਹੈ। ਇਹ ਨਵੀਂ ਪੀੜ੍ਹੀ ਦੀ ਜਦੋਂ ਜਹਿਦ ਨੂੰ ਵੀ ਬਾਖੂਬੀ ਦਰਸਾਉਂਦੀ ਹੈ।*

***ਕੀਵਰਡਸ :*** *ਪਰਵਾਸੀ ਪੰਜਾਬੀ ਕਹਾਣੀ, ਨਵੀਂ ਪੀੜ੍ਹੀ, ਨਾਰੀ ਹੋਂਦ ਤੇ ਮਨੋਵਿਗਿਆਨ , ਪੁਰਖ-ਪ੍ਰਭੂਤਾ , ਭਾਸ਼ਾਈ-ਸੱਭਿਆਚਾਰਕ ਪਛਾਣ , ਲਿੰਗ ਭੇਦ-ਭਾਵ , ਆਤਮਿਕ ਸੰਘਰਸ਼.*

## ਭੂਮਿਕਾ:

ਪਰਵਾਸੀ ਪੰਜਾਬੀ ਸਾਹਿਤ ਵਿਸ਼ਵ ਸਾਹਿਤ ਵਿੱਚ ਆਪਣੇ ਆਪ ਵਿੱਚ ਇੱਕ ਸੁਤੰਤਰ ਅਤੇ ਵੱਖਰੀ ਭਾਸ਼ਾਈ-ਸੱਭਿਆਚਾਰਕ ਪਛਾਣ ਰੱਖਦਾ ਹੈ। ਇਹ ਪਰਦੇਸਾਂ ਵਿੱਚ ਵੱਸਦ ਪੰਜਾਬੀ ਮਨ ਦੀਆਂ ਡੂੰਘੀਆਂ ਹੂਕਾਂ, ਆਤਮਿਕ ਪੀੜਾਂ ਅਤੇ ਆਪਣੀਆਂ ਜੜ੍ਹਾਂ ਨਾਲੋਂ ਟੁੱਟਣ ਤੇ ਜੁੜਨ ਦੇ ਨਿਰੰਤਰ ਸੰਘਰਸ਼ ਨਾਲ ਡੂੰਘੀ ਤਰ੍ਹਾਂ ਜੁੜਾ ਹੋਇਆ ਹੈ। ਪਰਵਾਸੀ ਪੰਜਾਬੀ ਕਹਾਣੀ ਇਸ ਸਾਰੇ ਦ੍ਰਿਸ਼ਟੀਕੋਣ ਦੀ ਸਭ ਤੋਂ ਸੰਵੇਦਨਸ਼ੀਲ ਰੂਪ-ਵਿਧਾ ਹੈ। ਇਹ ਕਹਾਣੀਆਂ ਵਿਦੇਸ਼ੀ ਧਰਤੀ ਉੱਤੇ ਪੰਜਾਬੀ ਆਤਮਾ ਦੇ ਨਵੇਂ ਅਨੁਭਵਾਂ, ਆਰਥਿਕ ਖਿੱਚ-ਧੂਹ ਅਤੇ ਸੱਭਿਆਚਾਰਕ ਤਬਦੀਲੀਆਂ ਦੇ ਪਰਛਾਵਿਆਂ ਨੂੰ ਬਹੁਤ ਬਾਰੀਕੀ ਨਾਲ ਚਿਤਰਦੀਆਂ ਹਨ। ਇਹ ਮਹਿਜ਼ ਲਿਖਤਾਂ ਨਹੀਂ, ਸਗੋਂ ਪਰਵਾਸੀ ਜੀਵਨ ਦੇ ਅਸਲ ਸੱਚ ਦਾ ਪ੍ਰਤੀਬਿੰਬ ਹਨ। ਇਸ ਗਲਪ-ਸੰਸਾਰ ਵਿੱਚ ਨਾਰੀ ਦੀ ਹੋਂਦ ਉਸ ਦੇ ਅੰਦਰੂਨੀ ਸੰਘਰਸ਼ ਅਤੇ ਸਮਾਜਿਕ-ਆਰਥਿਕ ਆਜ਼ਾਦੀ ਦੀ ਪੁਕਾਰ ਨੂੰ ਵਿਸ਼ੇਸ਼ ਸੰਵੇਦਨਾ ਅਤੇ ਸੁਹਿਰਦਤਾ ਨਾਲ ਥਾਂ ਮਿਲੀ ਹੈ। ਮੂਲ ਪੰਜਾਬੀ ਗਲਪ ਦੀਆਂ ਜੜ੍ਹਾਂ ਨਾਲ ਜੁੜੀ ਹੋਣ ਦੇ ਬਾਵਜੂਦ ਪਰਵਾਸੀ ਪੰਜਾਬੀ ਕਹਾਣੀ ਬੇਗਾਨੀਆਂ ਹੱਦਾਂ ਵਿੱਚ ਇੱਕ ਨਵੇਂ ਪੰਜਾਬੀ ਸਾਹਿਤਕ ਸਭਿਆਚਾਰ ਦੀ ਸਿਰਜਣਾ ਕਰਦੀ ਹੈ।

## ਸਮਾਜ ਵਿੱਚ ਨਾਰੀ ਦੀ ਸਥਿਤੀ :

ਸਮਾਜ ਵਿੱਚ ਨਾਰੀ ਦੀ ਸਥਿਤੀ ਸਦੀਆਂ ਪੁਰਾਣੀਆਂ ਪਰੰਪਰਾਵਾਂ ਨਾਲ ਜੁੜੀ ਹੋਈ ਹੈ, ਜਿੱਥੇ ਉਸ ਨੇ ਪ੍ਰਾਚੀਨ ਸਮੇਂ ਤੋਂ ਹੀ ਪੁਰਖਾਂ ਦੀ ਹਕੂਮਤ ਅਤੇ ਪ੍ਰਭੂਤਾਵਾਦੀ ਸੰਸਕਾਰਾਂ ਦਾ ਸਾਹਮਣਾ ਕੀਤਾ ਹੈ। ਇਸ ਸਮਾਜ ਵਿੱਚ ਨਾਰੀ ਨੂੰ ਇੱਕ ਸਹਮੀ ਅਤੇ ਨਿਰਭਰ ਹੋਂਦ ਵਜੋਂ ਵੇਖਿਆ ਗਿਆ

ਹੈ। ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਾਚੀਨ ਸਮਾਜ ਵਿੱਚ ਨਾਰੀ ਸਦਾ ਹੀ ਪੁਰਖਾਂ ਦੇ ਅਧੀਨ ਰਹੀ ਹੈ, ਜਿਸ ਕਾਰਨ ਉਸਦੀ ਆਜ਼ਾਦੀ ਅਤੇ ਜੀਵਨ ਦੀ ਸਾਰਥਕਤਾ ਸਿੱਧੀ ਤੌਰ ਉੱਤੇ ਪੁਰਖ ਦੇ ਰੂਪ ਅਤੇ ਵਿਸ਼ਵਾਸਾਂ ਨਾਲ ਬੱਝੀ ਹੋਈ ਸੀ। ਉਹ ਜਿਵੇਂ-ਜਿਵੇਂ ਵੱਡੀ ਹੁੰਦੀ ਹੈ, ਉਸ ਨੂੰ ਆਪਣੀ ਮਾਨਸਿਕ ਅਤੇ ਸਰੀਰਕ ਸਥਿਤੀ ਵਿੱਚ ਹਰ ਮੋੜ ਉੱਤੇ ਲਿੰਗ ਭੇਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਓ ਦੀ ਸਰਪ੍ਰਸਤੀ ਤੋਂ ਲੈ ਕੇ ਪਤੀ ਦੇ ਹੰਕਾਰ ਜਾਂ ਪੁੱਤਰ ਦੇ ਅਧੀਨ ਹੋਣਾ, ਇਹ ਸਭ ਉਸਦੀ ਸਮਾਜਿਕ ਸਥਿਤੀ ਨੂੰ ਨਿਸ਼ਚਿਤ ਕਰਦੇ ਹਨ। ਨਾਰੀ ਦੀ ਪਛਾਣ ਪੁਰਖੀ ਸੱਤਾ ਦੇ ਅਧੀਨ ਹੈ ਜਿਹੜੀ ਉਸ ਨੂੰ ਹਮੇਸ਼ਾ ਕਮਜ਼ੋਰ ਸਮਝਦੀ ਹੈ। ਇਸ ਦੇ ਉਲਟ ਪੁਰਖ ਸਦਾ ਹੀ ਆਗੂ ਅਤੇ ਸ਼ਕਤੀਸ਼ਾਲੀ ਬਣਿਆ ਰਹਿੰਦਾ ਹੈ, ਜਿਸ ਨਾਲ ਸਮਾਜਿਕ ਰੀਤਾਂ-ਰਿਵਾਜ਼ਾਂ ਵਿੱਚ ਨਾਰੀ ਦੇ ਸਥਾਨ ਨੂੰ ਹਮੇਸ਼ਾ ਹੇਠਾਂ ਰੱਖਿਆ ਜਾਂਦਾ ਰਿਹਾ ਹੈ। ਇਸ ਸੱਤਾ ਦਾ ਵੱਡਾ ਅਸਰ ਨਾਰੀ ਦੀ ਆਤਮ-ਗ੍ਰਹਿਣਤਾ ਅਤੇ ਉਸਦੀ ਮਨੋਵਿਗਿਆਨਿਕ ਸਥਿਤੀ ਉੱਤੇ ਪੈਂਦਾ ਹੈ। ਸਦੀਆਂ ਤੋਂ ਜਾਰੀ ਪੁਰਖ-ਪ੍ਰਭੂਤਾਵਾਦੀ ਪ੍ਰਬੰਧ ਨੇ ਨਾਰੀ ਦੇ ਮਨ ਵਿੱਚ ਗੁਲਾਮੀ ਦੀ ਸੋਚ ਪੈਦਾ ਕਰ ਦਿੱਤੀ ਸੀ ਜਿਸ ਕਰਕੇ ਉਹ ਆਪਣੀ ਆਜ਼ਾਦੀ ਨੂੰ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰ ਸਕੀ। ਇਹ ਮਾਨਸਿਕਤਾ ਨਾਰੀ ਦੇ ਮਨ ਵਿੱਚ ਆਪਣੀ ਮੌਜੂਦਾ ਸਥਿਤੀ ਨੂੰ ਬਿਨਾਂ ਕਿਸੇ ਵਿਰੋਧ ਦੇ ਕਬੂਲ ਕਰਨ ਦੀ ਸੋਚ ਪੈਦਾ ਕਰਦੀ ਹੈ।

ਇਸ ਦੇ ਬਾਵਜੂਦ ਵੀ ਸਾਹਿਤ ਵਿੱਚ ਨਾਰੀ ਦੀ ਮਾਨਸਿਕ ਸਥਿਤੀ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਦਰਸਾਇਆ ਗਿਆ ਹੈ। ਕਈ ਲਿਖਤਾਂ ਵਿੱਚ ਨਾਰੀ ਦੀ ਦੁਖੀ ਅਤੇ ਸੰਤਾਪੀ ਜ਼ਿੰਦਗੀ ਦੀ ਸੱਚਾਈ ਪੇਸ਼ ਕਰਦੇ ਹੋਏ, ਉਨ੍ਹਾਂ ਨੂੰ ਆਪਣੇ ਅਧਿਕਾਰਾਂ ਲਈ ਜੂਝਦੇ ਹੋਏ ਵਿਖਾਇਆ ਗਿਆ ਹੈ। ਇਹ ਸਭ ਤੱਥ ਇਹ ਦਰਸਾਉਂਦੇ ਹਨ ਕਿ ਨਾਰੀ ਦੇ ਮਨੋਵਿਗਿਆਨਿਕ ਅਤੇ ਸਮਾਜਿਕ ਪ੍ਰਬੰਧਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਆਜ਼ਾਦੀ ਨੂੰ ਵਧਾਉਣ ਦੀ ਲੋੜ ਹੈ। ਆਰਥਿਕ ਅਤੇ ਸਮਾਜਿਕ ਤਬਦੀਲੀ ਨਾਲ ਹੀ ਨਾਰੀ ਨੂੰ ਆਪਣੇ ਹੱਕ ਮਿਲ ਸਕਦੇ ਹਨ, ਜਿਸ ਨਾਲ ਉਹ ਆਪਣਾ ਜੀਵਨ ਆਜ਼ਾਦੀ ਨਾਲ ਜੀ ਸਕਣ। ਵਿਸ਼ੇਸ਼ਕਰ ਪਰਵਾਸੀ ਸਾਹਿਤ ਵਿੱਚ ਪਰਵਾਸੀ ਔਰਤਾਂ ਦਾ ਜੀਵਨ ਦੋਹਰੇ ਸੰਘਰਸ਼ ਨਾਲ ਭਰਿਆ ਹੁੰਦਾ ਹੈ। ਇੱਕ ਪਾਸੇ ਉਹ ਨਵੀਂ ਸਥਿਤੀ ਵਿੱਚ ਕਾਮਯਾਬ ਹੋਣ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਦੂਜੇ ਪਾਸੇ ਆਪਣੇ ਪਰਿਵਾਰਕ ਅਤੇ ਸਮਾਜਿਕ ਮੁੱਲਾਂ ਨਾਲ ਵੀ ਜੁੜੀਆਂ ਰਹਿੰਦੀਆਂ ਹਨ। ਇਸ ਬਾਬਤ ਵਿਭਿੰਨ ਵਿਦਵਾਨਾਂ ਦੇ ਵਿਚਾਰ ਹਨ :

> **"ਪਰਵਾਸੀ ਅਤੇ ਤੀਜੀ ਦੁਨੀਆ ਦੀ ਔਰਤ ਸਿਰਫ਼ ਇੱਕ ਭੂਗੋਲਿਕ ਪਛਾਣ ਨਹੀਂ ਹੈ, ਸਗੋਂ ਇਹ ਰੰਗ, ਨਸਲ, ਜਮਾਤ ਅਤੇ ਲਿੰਗਕ ਅਸਮਾਨਤਾ ਦੇ ਗਠਜੋੜ ਤੋਂ ਪੈਦਾ ਹੋਈ ਇੱਕ ਵਿਸ਼ੇਸ਼ ਸਥਿਤੀ ਹੈ। ਪਰਵਾਸੀ ਔਰਤ ਪੱਛਮੀ ਸਮਾਜ ਵਿੱਚ ਨਾ ਕੇਵਲ ਨਸਲਵਾਦੀ ਢਾਂਚੇ ਦਾ ਸਾਹਮਣਾ ਕਰਦੀ ਹੈ, ਸਗੋਂ ਉਸ ਨੂੰ ਆਪਣੇ ਪਿਤਰੀ-ਸੱਤਾਤਮਕ ਸੱਭਿਆਚਾਰ ਅਤੇ ਪੱਛਮੀ 'ਉਦਾਰਵਾਦੀ' ਨਜ਼ਰੀਏ ਤੋਂ ਦੋਹਾਂ ਦੁਆਰਾ ਹੀ ਸ਼ੋਸ਼ਿਤ ਕੀਤਾ ਜਾਂਦਾ ਹੈ।"[1]**
>
> **"ਪਰਵਾਸੀ ਔਰਤ 'ਡਿਆਸਪੋਰਿਕ ਸਪੇਸ' ਵਿੱਚ ਅਜਿਹੀ ਸਥਿਤੀ ਦਾ ਸਾਹਮਣਾ ਕਰਦੀ ਹੈ, ਜਿੱਥੇ ਉਸ ਨੂੰ ਨਸਲ, ਜਮਾਤ, ਲਿੰਗ ਅਤੇ ਸੱਭਿਆਚਾਰ ਦੇ ਇੱਕੋ ਵੇਲੇ ਆਪਸ ਵਿੱਚ ਟਕਰਾਉਣ ਨਾਲ ਪੈਦਾ ਹੋਏ ਬਹੁ-ਪਰਤੀ ਦਬਾਅ ਹੇਠ ਜੀਊਣਾ ਪੈਂਦਾ ਹੈ।"[2]**

ਪਰਵਾਸੀ ਔਰਤ ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਆਪਣੇ ਆਪ ਨੂੰ ਨਵੀਂਆਂ ਸੱਭਿਆਚਾਰਕ ਅਤੇ ਆਰਥਿਕ ਹਕੀਕਤਾਂ ਵਿੱਚ ਢਾਲਦੀ ਹੈ। ਉਹ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿ ਕੇ ਆਪਣੇ ਸਵੈ-ਅਧਿਕਾਰਾਂ ਅਤੇ ਆਤਮਿਕ ਸ਼ਕਤੀ ਦੀ ਨਿਸ਼ਾਨਦੇਹੀ ਕਰਦੀ ਹੈ ਪਰ ਫਿਰ ਵੀ ਆਪਣੀ ਮੂਲ ਪਰੰਪਰਾ ਅਤੇ ਰਵਾਇਤਾਂ ਨਾਲ ਨਿਰੰਤਰ ਜੁੜੀ ਰਹਿੰਦੀ ਹੈ। ਇਸ ਦੇ ਉਲਟ ਜਦੋਂ ਭਾਰਤੀ ਸਮਾਜਿਕ ਸੰਦਰਭ ਦੀ ਗੱਲ ਕਰਦੇ ਹਾਂ ਤਾਂ ਇੱਥੇ ਔਰਤ ਦੀ ਸਥਿਤੀ ਸਦਾ ਹੀ ਪੁਰਖ-ਪ੍ਰਧਾਨਤਾ ਅਤੇ ਉਸਦੀਆਂ ਬਣਾਈਆਂ ਕਦਰਾਂ-ਕੀਮਤਾਂ ਦੇ ਅਧੀਨ ਰਹੀ ਹੈ। ਸਮਾਜਿਕ ਗੈਰ-ਬਰਾਬਰੀ ਕਾਰਨ ਔਰਤ ਨੂੰ ਇੱਕ ਵਸਤੂ ਵਜੋਂ ਦੇਖਣ ਦੀ ਰੁਚੀ ਨੇ ਉਸ ਨੂੰ ਮਾਨਸਿਕ ਦਬਾਅ, ਨਿਰਾਸ਼ਾ ਅਤੇ ਵਿਤਕਰੇ ਵਾਲੀਆਂ ਪਰਿਸਥਿਤੀਆਂ ਵੱਲ ਧੱਕਿਆ ਹੈ ਜਿਸ ਨਾਲ ਉਸ ਨੂੰ ਅਨਿਆਇ ਅਤੇ ਜ਼ਬਰ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਵਾਸੀ ਔਰਤ ਲਈ ਇਹ ਸਥਿਤੀ ਦੋਹਰੇ ਸੰਘਰਸ਼ ਦਾ ਰੂਪ ਧਾਰਨ ਕਰ ਲੈਂਦੀ ਹੈ, ਕਿਉਂਕਿ ਉਹ ਪੱਛਮੀ ਸਮਾਜ ਵਿੱਚ ਆਪਣੀ ਸੁਤੰਤਰ ਪਛਾਣ ਸਥਾਪਤ ਕਰਨ ਦੇ ਨਾਲ-ਨਾਲ ਪਰੰਪਰਾਗਤ ਜੜ੍ਹਾਂ ਨੂੰ ਸੰਭਾਲਣ ਦੀਆਂ ਜਟਿਲ ਚੁਣੌਤੀਆਂ ਨਾਲ ਵੀ ਨਿਪਟਦੀ ਹੈ।

## ਪਰਵਾਸੀ ਨਾਰੀ ਦੀ ਦਵੰਦਾਤਮਕ ਅਤੇ ਸੰਘਰਸ਼ਮਈ ਸਥਿਤੀ ਦਾ ਚਿਤੇਰਾ : ਅਮਨਪਾਲ ਸਾਰਾ

ਪਰਵਾਸੀ ਪੰਜਾਬੀ ਕਹਾਣੀ ਵਿੱਚ ਔਰਤ ਦੀ ਦਵੰਦਾਤਮਕ ਅਤੇ ਸੰਘਰਸ਼ਮਈ ਸਥਿਤੀ ਨੂੰ ਬੇਹੱਦ ਸੰਵੇਦਨਸ਼ੀਲਤਾ ਤੇ ਸੁਹਿਰਦਤਾ ਨਾਲ ਚਿਤਰਿਆ ਗਿਆ ਹੈ। ਵਿਸ਼ੇਸ਼ ਤੌਰ ਉੱਤੇ ਕੈਨੇਡੀਅਨ ਪੰਜਾਬੀ ਕਹਾਣੀ ਪਰਵਾਸੀ ਅਨੁਭਵ ਦੇ ਬਹੁ-ਪਰਤੀ ਖਾਸੇ ਕਰਕੇ ਉਚੇਚੇ ਧਿਆਨ ਦੀ ਮੰਗ ਕਰਦੀ ਹੈ। ਕੈਨੇਡਾ ਵਿੱਚ ਰਚੇ ਜਾ ਰਹੇ ਪੰਜਾਬੀ ਗਲਪ-ਸਾਹਿਤ ਵਿੱਚ ਅਨੇਕਾਂ ਅਜਿਹੇ ਕਹਾਣੀਕਾਰ ਹਨ ਜਿਨ੍ਹਾਂ ਨੇ ਪਰਵਾਸੀ ਜੀਵਨ ਦੇ ਅਸਲ ਚਰਿੱਤਰ ਅਤੇ ਜਟਿਲਤਾਵਾਂ ਨੂੰ ਉਭਾਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਹਨਾਂ ਵਿੱਚੋਂ ਅਮਨਪਾਲ ਸਾਰਾ ਇੱਕ ਪ੍ਰਮੁੱਖ ਅਤੇ ਉਲੇਖਯੋਗ ਨਾਮ ਹੈ। ਸਾਰਾ ਨੇ ਪੰਜਾਬੀ ਕਹਾਣੀ ਜਗਤ ਨੂੰ **ਸਰਦ ਰਿਸ਼ਤੇ**, **ਵੀਹਾਂ ਦਾ ਨੋਟ** ਅਤੇ **ਡਾਇਮੰਡ ਰਿੰਗ** ਵਰਗੇ ਪ੍ਰਮੁੱਖ ਕਹਾਣੀ ਸੰਗ੍ਰਹਿ ਦਿੱਤੇ ਹਨ। ਉਹ ਨਵੀਂ ਪੀੜ੍ਹੀ ਦਾ ਅਜਿਹਾ ਕਹਾਣੀਕਾਰ ਹੈ ਜਿਹੜਾ ਪਰਵਾਸੀ ਚੇਤਨਾ ਨੂੰ ਨਵੀਨ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਉਹ ਪਰੰਪਰਾਗਤ ਪਰਵਾਸੀ ਗਲਪ ਵਾਂਗ ਕੇਵਲ ਭੂ-ਹੇਰਵੇ ਜਾਂ ਮਾਨਸਿਕ ਉਦਾਸੀ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਪੂਰਬੀ ਅਤੇ ਪੱਛਮੀ ਜੀਵਨ-ਜਾਂਚ ਦੇ ਟਕਰਾਅ ਵਿੱਚੋਂ ਪੈਦਾ ਹੋਈ ਨਵੀਂ ਪੀੜ੍ਹੀ ਦੀ ਹੋਂਦਮੂਲਕ ਹਕੀਕਤ ਨੂੰ ਸਾਹਮਣੇ ਲਿਆਉਂਦਾ ਹੈ। ਉਸ ਦੀਆਂ ਕਹਾਣੀਆਂ ਵਿੱਚ ਮਾਨਵੀ ਰਿਸ਼ਤਿਆਂ ਦੇ ਬਦਲਦੇ ਸਰੂਪ ਅਤੇ ਉਨ੍ਹਾਂ ਦੇ ਅੰਤਰ-ਕਰਨਾਂ ਨੂੰ ਬਹੁਤ ਸਹਿਜਤਾ ਨਾਲ ਉਕੇਰਿਆ ਗਿਆ ਹੈ। ਵਿਸ਼ੇਸ਼ ਤੌਰ ਉੱਤੇ ਉਸ ਨੇ ਨਾਰੀ ਪਾਤਰਾਂ ਨੂੰ ਆਰਥਿਕ ਸਵੈ-ਨਿਰਭਰਤਾ ਅਤੇ ਪ੍ਰਗਤੀਸ਼ੀਲਤਾ ਦੇ ਪ੍ਰਤੀਕ ਵਜੋਂ ਸਾਹਮਣੇ ਲਿਆਂਦਾ ਹੈ ਜਿਹੜਾ ਉਨ੍ਹਾਂ ਅੰਦਰ ਆਤਮ-ਵਿਸ਼ਵਾਸ ਦਾ ਸੰਚਾਰ ਕਰਦੇ ਹਨ। ਉਸ ਦੇ ਗਲਪੀ-ਸੰਸਾਰ ਵਿੱਚ ਔਰਤਾਂ ਦਾ ਇਹ

ਸੰਘਰਸ਼ ਸਮਾਜਿਕ ਅਤੇ ਸੱਭਿਆਚਾਰਕ ਪੱਧਰ ਉੱਤੇ ਅਤਿਅੰਤ ਪ੍ਰਭਾਵਸ਼ਾਲੀ ਸਾਬਿਤ ਹੁੰਦਾ ਹੈ, ਜਿਹੜਾ ਉਨ੍ਹਾਂ ਦੀ ਸਥਿਤੀ ਅਤੇ ਹੋਂਦਮੂਲਕ ਅਧਿਕਾਰਾਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਦਾ ਹੈ।

## ਨਾਰੀ ਦੀ ਸਵੈ-ਨਿਰਭਰਤਾ ਅਤੇ ਹੋਂਦਮੂਲਕ ਸੰਘਰਸ਼ ਦੀ ਪੇਸ਼ਕਾਰੀ :

ਅਮਨਪਾਲ ਸਾਰਾ ਆਪਣੇ ਪਹਿਲੇ ਕਹਾਣੀ-ਸੰਗ੍ਰਹਿ **ਸਰਦ ਰਿਸ਼ਤੇ** ਵਿੱਚ ਪੱਛਮੀ ਸੱਭਿਆਚਾਰ ਦੇ ਪ੍ਰਭਾਵਾਂ ਅਤੇ ਪਰਵਾਸੀ ਪੰਜਾਬੀ ਜੀਵਨ ਅੰਦਰ ਪੈਦਾ ਹੁੰਦੇ ਹੋਂਦਮੂਲਕ ਸੰਘਰਸ਼ਾਂ ਨੂੰ ਬੜੀ ਸੂਖਮ-ਸੂਝ ਅਤੇ ਸੰਵੇਦਨਸ਼ੀਲਤਾ ਨਾਲ ਰੂਪਮਾਨ ਕਰਦਾ ਹੈ। ਉਸ ਦੀਆਂ ਕਹਾਣੀਆਂ ਪੂਰਬੀ ਅਤੇ ਪੱਛਮੀ ਸੱਭਿਆਚਾਰਕ ਚੇਤਨਾ ਦੇ ਸਬਲ ਤੇ ਦੁਰਬਲ ਪੱਖਾਂ ਦਾ ਨਿਰਪੱਖ, ਤਰਕਪੂਰਨ ਅਤੇ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕਰਦੀਆਂ ਹਨ। ਉਹ ਆਪਣੇ ਗਲਪੀ-ਸੰਸਾਰ ਵਿੱਚ ਮਾਨਵੀ ਰਿਸ਼ਤਿਆਂ ਦੀਆਂ ਜਟਿਲ ਤੇ ਬਾਰੀਕ ਤੰਦਾਂ ਨੂੰ ਫੜਦਾ ਹੈ ਅਤੇ ਸਮਾਜਿਕ ਵਿਸ਼ਾਦ ਦੇ ਨਾਲ-ਨਾਲ ਰਿਸ਼ਤਿਆਂ ਦੀ ਟੁੱਟ-ਭੱਜ ਦੀ ਪ੍ਰਕਿਰਿਆ ਨੂੰ ਬਹੁਤ ਸਹਿਜ ਅਤੇ ਅਰਥਪੂਰਨ ਢੰਗ ਨਾਲ ਦਰਸਾਉਂਦਾ ਹੈ। ਉਸਦਾ ਦੂਸਰਾ ਕਹਾਣੀ-ਸੰਗ੍ਰਹਿ **ਵੀਹਾਂ ਦਾ ਨੋਟ** ਵੀ ਪਰਵਾਸੀ ਪੰਜਾਬੀ ਕਹਾਣੀ ਦੇ ਮਾਧਿਅਮ ਨਾਲ ਮਾਨਵੀ ਅਨੁਭਵਾਂ, ਹੋਂਦਮੂਲਕ ਸੰਕਟਾਂ ਅਤੇ ਆਧੁਨਿਕ ਜੀਵਨ-ਜਾਂਚ ਦੇ ਜਟਿਲ ਸਰੋਕਾਰਾਂ ਨੂੰ ਅਤਿਅੰਤ ਸੰਵੇਦਨਸ਼ੀਲ, ਡੂੰਘੇ ਅਤੇ ਸਮਾਜ-ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਉਸ ਦਾ ਗਲਪੀ-ਚਿੰਤਨ ਕੇਵਲ ਪਰਵਾਸ ਦੀਆਂ ਭੂਗੋਲਿਕ ਸੀਮਾਵਾਂ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਉਹ ਨਸਲ, ਜਮਾਤ, ਸੱਭਿਆਚਾਰਕ ਟਕਰਾਅ ਅਤੇ ਰਿਸ਼ਤਿਆਂ ਦੇ ਬਦਲਦੇ ਸਰੂਪਾਂ ਵਿਚਕਾਰ ਪਿਸ ਰਹੀ ਨਾਰੀ ਮਨ ਦੀਆਂ ਗੂੜ੍ਹੀਆਂ ਪਰਤਾਂ ਅਤੇ ਸਮਾਜਿਕ ਜਟਿਲਤਾਵਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਵਿਸ਼ਲੇਸ਼ਿਤ ਕਰਦਾ ਹੈ। ਆਪਣੇ ਤੀਜੇ ਕਹਾਣੀ ਸੰਗ੍ਰਹਿ **ਡਾਇਮੰਡ ਰਿੰਗ** ਵਿੱਚ ਉਹ ਕੈਨੇਡੀਅਨ ਸਮਾਜ ਅਤੇ ਪੱਛਮੀ ਚੇਤਨਾ ਨਾਲ ਸੰਤੁਲਿਤ ਦ੍ਰਿਸ਼ਟੀ ਅਪਣਾਉਂਦਾ ਹੈ ਜਿਹੜਾ ਦੋਹਾਂ ਸਭਿਆਚਾਰਾਂ ਦੇ ਤਣਾਵਾਂ ਨੂੰ ਦਰਸਾਉਂਦਾ ਹੈ। ਅਮਨਪਾਲ ਸਾਰਾ ਦੀਆਂ ਕਹਾਣੀਆਂ ਗਲੋਬਲ ਸੰਦਰਭ ਵਿੱਚ ਪਰਵਾਸੀ ਮਾਨਸਿਕਤਾ ਦੇ ਜਟਿਲ ਪਹਿਲੂਆਂ, ਆਰਥਿਕ ਜਟਿਲਤਾਵਾਂ ਅਤੇ ਜੀਵਨ-ਯਥਾਰਥ ਦੇ ਬਹੁ-ਪਰਤੀ ਸੰਘਰਸ਼ਾਂ ਨੂੰ ਬਹੁਤ ਹੀ ਸੂਖਮ-ਸੂਝ ਅਤੇ ਸਹਿਜਤਾ ਨਾਲ ਰੂਪਮਾਨ ਕਰਦੀਆਂ ਹਨ। ਉਹ ਪਰਵਾਸ ਦੇ ਕੇਵਲ ਬਾਹਰੀ ਆਕਰਸ਼ਣ ਨੂੰ ਹੀ ਨਹੀਂ ਚਿਤਰਦੇ, ਸਗੋਂ ਇਸ ਦੇ ਪਿੱਛੇ ਛੁਪੇ ਨਸਲੀ, ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਦਵੰਦਾਂ ਨੂੰ ਵੀ ਅਕਾਦਮਿਕ ਗੰਭੀਰਤਾ ਨਾਲ ਪਾਠਕਾਂ ਦੇ ਸਾਹਮਣੇ ਲਿਆਉਂਦੇ ਹਨ। ਉਸ ਦੀਆਂ ਕਹਾਣੀਆਂ ਬਾਰੇ ਰਜਨੀਸ਼ ਬਹਾਦਰ ਦੇ ਵਿਚਾਰ ਹਨ :

> **"ਸਭਿਅਤਾ ਤੇ ਮਾਨਵੀ ਮੁੱਲਾਂ ਦੀ ਅੰਤਰ ਵਿਰੋਧੀ ਸਥਿਤੀ ਅਮਨਪਾਲ ਸਾਰਾ ਦੀਆਂ ਕਹਾਣੀਆਂ ਦਾ ਆਧਾਰ ਹੈ। ਇਨ੍ਹਾਂ ਦੋਹਾਂ ਸਥਿਤੀਆਂ ਦੇ ਕਾਟਵੇਂ ਪੱਖਾਂ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਉਹ ਪੱਛਮੀ ਸਭਿਅਤਾ ਨੂੰ ਸਮੁੱਚਤਾ ਵਿਚ ਇੱਕ ਤਰਫ਼ਾ ਰੱਦ ਨਹੀਂ ਕਰਦਾ ਸਗੋਂ ਉਹ ਪੀੜ੍ਹੀਆਂ ਦੀ ਸੋਚ ਦੇ ਅੰਤਰ ਨੂੰ ਪੱਛਮੀ ਲੋਕਾਂ ਤੇ ਪੱਛਮ ਵਿਚ ਵੱਸੇ ਭਾਰਤੀ ਲੋਕਾਂ ਦੇ ਪ੍ਰਸੰਗ ਵਿਚ ਰੱਖ ਕੇ ਪਰਖਦਾ ਹੈ।"**[3]

ਅਮਨਪਾਲ ਸਾਰਾ ਦਾ ਗਲਪੀ-ਸੰਸਾਰ ਪਰਵਾਸੀ ਔਰਤ ਦੀ ਹੋਂਦਮੂਲਕ ਸਥਿਤੀ ਦੇ ਵੱਖ-ਵੱਖ ਜਟਿਲ ਪਹਿਲੂਆਂ ਨੂੰ ਬਹੁਤ ਹੀ ਸੂਖਮਤਾ ਨਾਲ ਉਜਾਗਰ ਕਰਦਾ ਹੈ। ਵਿਦੇਸ਼ੀ ਜ਼ਮੀਨ ਉੱਤੇ ਵਸੀ ਪਰਵਾਸੀ ਔਰਤ ਇੱਕੋ ਵੇਲੇ ਬਾਹਰੀ ਅਤੇ ਅੰਦਰੂਨੀ ਪੱਧਰ ਉੱਤੇ ਅਤਿਅੰਤ ਸੰਘਰਸ਼ਪੂਰਨ ਜੀਵਨ ਜਿਊਂਦੀ ਹੈ। ਉਹ ਆਰਥਿਕ ਸਥਿਰਤਾ ਅਤੇ ਭੌਤਿਕ ਸੁਖ-ਸੁਵਿਧਾਵਾਂ ਲਈ ਨਿਰੰਤਰ ਮਿਹਨਤ ਕਰਦੀ ਹੈ ਪਰ ਇਸ ਪ੍ਰਕਿਰਿਆ ਅੰਦਰ ਉਹ ਗੰਭੀਰ ਮਾਨਸਿਕ ਤਣਾਅ, ਇਕਲਾਪੇ ਅਤੇ ਬੇਗਾਨਗੀ ਦਾ ਸ਼ਿਕਾਰ ਹੋ ਜਾਂਦੀ ਹੈ। ਅਤਿ-ਮਸ਼ਰੂਫੀਅਤ ਕਾਰਨ ਪਰਿਵਾਰਕ ਸਾਂਝਾਂ ਦਾ ਘਾਟਾ ਅਤੇ ਪਤੀ-ਪਤਨੀ ਵਿਚਕਾਰ ਭੌਤਿਕ ਨੇੜਤਾ ਦੇ ਬਾਵਜੂਦ ਪੈਦਾ ਹੁੰਦੀ ਮਾਨਸਿਕ ਅਤੇ ਭਾਵਨਾਤਮਕ ਦੂਰੀ ਉਸ ਦੇ ਪਰਿਵਾਰਕ ਸੰਕਟ ਨੂੰ ਹੋਰ ਗੂੜ੍ਹਾ ਕਰਦੀ ਹੈ। ਇਸ ਦੇ ਨਾਲ ਹੀ ਪੱਛਮੀ ਸਮਾਜਿਕ-ਆਰਥਿਕ ਢਾਂਚੇ ਦੇ ਪ੍ਰਭਾਵ ਹੇਠ ਪਰਵਾਸੀ ਪੰਜਾਬੀ ਔਰਤ ਅੰਦਰ ਆਪਣੇ ਹੱਕਾਂ ਪ੍ਰਤੀ ਚੇਤਨਾ ਅਤੇ ਆਰਥਿਕ ਸਵੈ-ਨਿਰਭਰਤਾ ਦੀ ਮਜ਼ਬੂਤ ਭਾਵਨਾ ਉਭਰੀ ਹੈ। ਆਪਣੀ ਜ਼ਿੰਦਗੀ ਦੇ ਫੈਸਲੇ ਸੁਤੰਤਰ ਰੂਪ ਵਿੱਚ ਲੈਣ ਦੀ ਇਹ ਸਮਰੱਥਾ ਉਸ ਦੇ ਆਤਮ-ਸਨਮਾਨ, ਹੋਂਦਮੂਲਕ ਅਜ਼ਾਦੀ ਅਤੇ ਸਵੈ-ਪਛਾਣ ਦੀ ਨਵੀਂ ਦਾਅਵੇਦਾਰੀ ਦਾ ਪ੍ਰਤੀਕ ਹੈ। ਵਿਦਵਾਨ ਹਰਬਿੰਦਰ ਕੌਰ ਦੇ ਸ਼ਬਦਾਂ ਵਿੱਚ, **"ਪਰਵਾਸੀ ਔਰਤ ਦੀ ਆਪਣੀ ਸਵੈ-ਨਿਰਭਰ ਆਰਥਿਕ ਸਥਿਤੀ ਕਾਰਨ, ਉਸਦੀ ਚੇਤਨਾ ਵਿਚ ਵੀ ਵਿਕਾਸ ਹੋਇਆ ਹੈ।"**[4]

## ਨਵੀਂ ਪੀੜ੍ਹੀ ਦੇ ਅੰਤਰ-ਦਵੰਦ :

ਅਮਨਪਾਲ ਸਾਰਾ ਪੱਛਮੀ ਮੁਲਕਾਂ ਵਿੱਚ ਹਾਵੀ ਮੰਡੀ-ਪ੍ਰਧਾਨ ਸੱਭਿਆਚਾਰ ਅਤੇ ਉਸ ਦੇ ਨਤੀਜੇ ਵਜੋਂ ਮਾਨਵੀ ਮੁੱਲਾਂ ਵਿੱਚ ਆ ਰਹੇ ਨਿਘਾਰ ਦੀ ਪ੍ਰਕਿਰਿਆ ਨੂੰ ਬਹੁਤ ਹੀ ਸੂਖਮਤਾ ਨਾਲ ਰੂਪਮਾਨ ਕਰਦਾ ਹੈ ਜਿਹੜਾ ਵਿਸ਼ੇਸ਼ ਤੌਰ ਉੱਤੇ ਨਵੀਂ ਪੀੜ੍ਹੀ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਸੰਕਟ ਦਾ ਮੁੱਖ ਕਾਰਨ ਪੱਛਮੀ ਸਮਾਜ ਵਿੱਚ ਵਿਆਹ ਦੀ ਪਰੰਪਰਾਗਤ ਸੰਸਥਾ ਦਾ ਤਿੜਕਣਾ ਅਤੇ ਇਸ ਤੋਂ ਬੇਮੁਖ ਹੋਣ ਦੀ ਪ੍ਰਵਿਰਤੀ ਹੈ। ਇਸ ਸੰਕਟਪੂਰਨ ਸਥਿਤੀ ਦਾ ਸ਼ਿਕਾਰ ਇੱਕ ਪਾਸੇ ਪੁਰਾਣੀ ਪੀੜ੍ਹੀ ਦਾ ਇਕਲਾਪਾ ਹੈ ਜਦਕਿ ਦੂਜੇ ਪਾਸੇ ਨਵੀਂ ਪੀੜ੍ਹੀ ਬਚਪਨ ਤੋਂ ਹੀ ਬੁਨਿਆਦੀ ਮਾਨਵੀ ਤੇ ਪਰਿਵਾਰਕ ਮੁੱਲਾਂ ਤੋਂ ਵਾਂਝੀ ਹੋ ਰਹੀ ਹੈ। ਇਸੇ ਸੰਦਰਭ ਅਧੀਨ ਉਸ ਦੀ ਚਰਚਿਤ ਕਹਾਣੀ 'ਲਾਟਰੀ' ਪੱਛਮੀ ਸਮਾਜ ਵਿੱਚ ਵਿਆਹ-ਸੰਸਥਾ ਦੇ ਅਸੰਤੁਲਨ ਅਤੇ ਮਾਨਵੀ ਰਿਸ਼ਤਿਆਂ ਦੇ ਮਸ਼ੀਨੀਕਰਨ ਦੀ ਪ੍ਰਕਿਰਿਆ ਨੂੰ ਉਜਾਗਰ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਅਵਤਾਰ ਆਪਣੇ ਅਧਿਆਪਕ ਪਿਤਾ ਦੀ ਮੌਤ ਤੋਂ ਬਾਅਦ ਉਸ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਤਾਂ ਹੁੰਦਾ ਹੈ, ਪਰ ਇਸ ਸ਼ਮੂਲੀਅਤ ਪਿੱਛੇ ਪਿਤਾ ਪ੍ਰਤੀ ਕੋਈ ਭਾਵਨਾਤਮਕ ਲਗਾਅ ਨਹੀਂ, ਸਗੋਂ ਮਕਾਨ ਦੀ ਵਸੀਅਤ ਨਾਲ ਜੁੜੀਆਂ ਸ਼ਰਤਾਂ ਅਤੇ ਭੌਤਿਕ ਲਾਭ ਕਾਰਜਸ਼ੀਲ ਹਨ। ਅਵਤਾਰ ਦੇ ਵਿਅਕਤਿਤਵ ਦੀ ਤਿੜਕਨ ਉਸ ਦੇ ਪਰਿਵਾਰਕ ਪਿਛੋਕੜ ਵਿੱਚ ਪਈ ਹੈ ਜਿੱਥੇ ਉਸ ਦੀ ਮਾਂ ਨੇ ਆਪਣੀਆਂ ਉੱਚ-ਭੌਤਿਕ ਅਕਾਂਖਿਆਵਾਂ ਦੀ ਪੂਰਤੀ ਲਈ ਪਿਤਾ ਦਾ ਸਾਥ ਛੱਡ ਦਿੱਤਾ ਸੀ। ਅਮਨਪਾਲ ਸਾਰਾ ਇਸ ਕਹਾਣੀ ਰਾਹੀਂ ਅਵਤਾਰ ਵਰਗੀ ਨਵੀਂ ਪੀੜ੍ਹੀ ਦੇ ਨੌਜਵਾਨਾਂ ਦੀ ਉਸ ਜਟਿਲ ਮਾਨਸਿਕਤਾ ਦਾ

ਵਿਸ਼ਲੇਸ਼ਣ ਕਰਦਾ ਹੈ ਜਿਹੜੀ ਪਰਿਵਾਰਕ ਸੰਸਕਾਰਾਂ ਅਤੇ ਨੈਤਿਕ ਮੁੱਲਾਂ ਦੇ ਖੋਖਲੇਪਣ ਨਾਲ ਗ੍ਰਸਤ ਹੈ। ਮਾਂ ਦੇ ਸਵੈ-ਕੇਂਦਰਿਤ ਵਤੀਰੇ ਅਤੇ ਵਿਆਹ-ਸੰਸਥਾ ਦੀ ਤੋੜ-ਫੋੜ ਕਾਰਨ ਅਵਤਾਰ ਦੀ ਪੀੜ੍ਹੀ ਸਮਾਜਿਕ ਰਿਸ਼ਤਿਆਂ ਵਿੱਚ ਬੇਗਾਨਗੀ, ਅਸਥਿਰਤਾ ਅਤੇ ਮਾਨਸਿਕ ਟੁੱਟ-ਭੱਜ ਦਾ ਅਨੁਭਵ ਕਰਦੀ ਹੈ। ਇਹ ਕਹਾਣੀ ਪੱਛਮੀ ਮੁਲਕਾਂ ਦੇ ਆਧੁਨਿਕ ਸਮਾਜ ਵਿੱਚ ਵਿਘਟਤ ਹੋ ਰਹੀ ਮਾਨਵਤਾ ਅਤੇ ਨੈਤਿਕ ਮੁੱਲਾਂ ਦੇ ਦੁਖਾਂਤਕ ਯਥਾਰਥ ਨੂੰ ਨੰਗਾ ਕਰਦੀ ਹੈ। ਇਸ ਕਹਾਣੀ ਦੇ ਸੰਦਰਭ ਵਿੱਚ ਹਰਚੰਦ ਸਿੰਘ ਬੇਦੀ ਦਾ ਵਿਚਾਰ ਸਹੀ ਹੈ, **"ਜਿਸ ਰਫ਼ਤਾਰ ਨਾਲ ਮਾਨਵੀ ਰਿਸ਼ਤਿਆਂ ਦੀਆਂ ਤਣਾਵਾਂ ਕੋਸੀਆਂ ਜਾ ਰਹੀਆਂ ਹਨ। ਇਹ ਸੰਭਾਵੀ ਟੁੱਟ ਦੀ ਨਿਸ਼ਾਨਦੇਹੀ ਅਤੇ ਤਣਾਉਮੂਲਕ ਰੋਗਾਂ ਨੂੰ ਸੱਦਾ ਹੈ ਜੋ ਬਿਮਾਰ ਸਮਾਜ ਦੀ ਹੀ ਭਵਿੱਖ-ਬਾਣੀ ਕਰਦੀ ਹੈ।"**[5]

ਪਰਵਾਸੀ ਸਮਾਜਕ ਸੰਦਰਭ ਵਿੱਚ 'ਰੁਲਦਾ ਬਚਪਨ' ਕਹਾਣੀ ਇੱਕ ਬੱਚੇ ਦੇ ਬਚਪਨ ਦੀ ਤਬਾਹੀ ਦੀ ਕਹਾਣੀ ਹੈ। ਸ਼ੌਨ ਦੇ ਬਚਪਨ ਨੂੰ ਪਰਿਵਾਰਕ ਮਾਹੌਲ ਦੀ ਤ੍ਰੇੜ ਨੇ ਬਰਬਾਦ ਕਰ ਦਿੱਤਾ, ਜਿਸ ਕਾਰਨ ਉਹ ਗਲਤ ਕੰਮਾਂ ਵਿੱਚ ਲਿਪਤ ਹੋ ਗਿਆ। ਇੱਕ ਬੱਸ ਡਰਾਈਵਰ ਨੂੰ ਉਹ ਸ਼ਰਾਬ ਦੇ ਨਸ਼ੇ ਵਿੱਚ ਮਿਲਦਾ ਹੈ। ਉਸ ਦੀ ਹਾਲਤ ਵੇਖ ਕੇ ਡਰਾਈਵਰ ਨੂੰ ਅਹਿਸਾਸ ਹੁੰਦਾ ਹੈ ਕਿ ਸ਼ੌਨ ਨੂੰ ਸੰਭਾਲਣ ਵਾਲਾ ਕੋਈ ਨਹੀਂ ਹੈ। ਇਸ ਬਾਬਤ ਕਹਾਣੀ ਦੀਆਂ ਕੁਝ ਸਤਰਾਂ ਵੇਖੀਆਂ ਜਾ ਸਕਦੀਆਂ ਹਨ, **"ਉਸਨੂੰ ਘਰ ਜਾਣ ਦੀ ਕੋਈ ਕਾਹਲੀ ਨਹੀਂ... ਘਰ ਕੋਈ ਹੋਣਾ ਹੀ ਨਹੀਂ... ਮਾਂ ਕੰਮ ਤੇ ਗਈ ਹੈ... ਬਹੁਤ ਲੇਟ ਆਏਗੀ।"**[6] ਇਸਦੇ ਜਵਾਬ ਵਿਚ ਜਦੋਂ ਬਸ ਡਰਾਇਵਰ ਉਸਦੇ ਬਾਪ ਬਾਰੇ ਪੁੱਛਦਾ ਹੈ ਤਾਂ ਬੱਚੇ ਦਾ ਜਵਾਬ ਹੈ, **"ਉਹ ਤਾਂ ਪਤਾ ਨਹੀਂ ਕਿੱਥੇ ਰਹਿੰਦਾ ਹੈ... ਕਦੀ-ਕਦੀ ਹੀ ਉਸਨੂੰ ਮਿਲਦਾ ਹੈ।"**[7] ਸ਼ੌਨ ਦਾ ਬਚਪਨ ਮਾਂ-ਬਾਪ ਦੀ ਬੇਪਰਵਾਹੀ ਅਤੇ ਪਰਿਵਾਰਕ ਤਣਾਅ ਦੇ ਕਾਰਨ ਤਬਾਹ ਹੋ ਗਿਆ। ਮਾਂ-ਬਾਪ ਦੇ ਪਿਆਰ ਤੋਂ ਵੰਚਿਤ ਬੱਚੇ ਗਲਤ ਰਸਤੇ ਤੇ ਚੱਲਣ ਲੱਗਦੇ ਹਨ। ਵਿਕਸਿਤ ਪੂੰਜੀਵਾਦੀ ਸਮਾਜ ਅੰਦਰ ਪਰਵਾਸੀ ਪੰਜਾਬੀ ਔਰਤ ਕੇਵਲ ਭੌਤਿਕ ਅਤੇ ਆਰਥਿਕ ਸੁਖ-ਸੁਵਿਧਾਵਾਂ ਤੱਕ ਸੀਮਤ ਨਹੀਂ ਰਹਿਣਾ ਚਾਹੁੰਦੀ ਸਗੋਂ ਉਹ ਬੌਧਿਕ ਚੇਤਨਾ, ਮਾਨਸਿਕ ਅਜ਼ਾਦੀ ਅਤੇ ਭਾਵਨਾਤਮਕ ਤ੍ਰਿਪਤੀ ਦੀ ਵੀ ਪ੍ਰਬਲ ਇੱਛਾ ਰੱਖਦੀ ਹੈ।

ਅਮਨਪਾਲ ਸਾਰਾ ਦੀਆਂ ਕਹਾਣੀਆਂ ਔਰਤ-ਮਰਦ ਸੰਬੰਧਾਂ ਨੂੰ ਸਮਾਜਕ, ਆਰਥਕ ਤੇ ਜੈਵਿਕ ਸੰਦਰਭਾਂ ਵਿੱਚ ਬੇਬਾਕੀ ਨਾਲ ਚਿਤਰਦੀਆਂ ਹਨ।

ਕਹਾਣੀ 'ਰੋਬਸਨ ਸਕੁਏਅਰ' ਉੱਤਰ-ਪੂੰਜੀਵਾਦੀ ਸੱਭਿਆਚਾਰਕ ਮਾਹੌਲ ਦੇ ਨਾ-ਪੱਖੀ ਪ੍ਰਭਾਵਾਂ ਅਤੇ ਪਰਵਾਸੀ ਭਾਰਤੀ ਭਾਈਚਾਰੇ ਦੇ ਹੋਂਦਮੂਲਕ ਤੇ ਸੱਭਿਆਚਾਰਕ ਸੰਘਰਸ਼ ਨੂੰ ਬਹੁਤ ਹੀ ਸੂਖਮਤਾ ਨਾਲ ਰੂਪਮਾਨ ਕਰਦੀ ਹੈ। ਕਹਾਣੀ ਦਾ ਕੇਂਦਰੀ ਪਾਤਰ (ਟੈਕਸੀ ਚਾਲਕ) ਆਪਣੀ ਆਰਥਿਕ ਸਥਿਰਤਾ ਦੀ ਨਿਰੰਤਰ ਦੌੜ ਅਤੇ ਵਿਦੇਸ਼ੀ ਭੂਗੋਲਿਕ ਧਰਾਤਲ ਵਿੱਚ ਪੈਦਾ ਹੁੰਦੇ ਮਾਨਸਿਕ ਤਣਾਅ ਦੇ ਦਵੰਦ ਵਿੱਚ ਘਿਰਿਆ ਹੋਇਆ ਹੈ। ਕੈਨੇਡਾ ਵਿੱਚ ਵਸੀ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਆਪਣੀਆਂ ਨੈਤਿਕ ਤੇ ਵਿਰਾਸਤੀ ਸੱਭਿਆਚਾਰਕ ਕੀਮਤਾਂ ਦੇ ਖੁਰਨ ਉੱਤੇ ਉਦਾਸ ਤੇ ਚਿੰਤਤ ਹੈ ਜਦਕਿ ਦੂਜੀ ਪੀੜ੍ਹੀ ਪੱਛਮੀ ਜੀਵਨ-ਸ਼ੈਲੀ ਨੂੰ ਸਹਜ ਹੀ ਅਪਣਾ ਰਹੀ ਹੈ। ਬੱਚਿਆਂ ਦਾ ਇਹ ਪੱਛਮੀਕਰਨ ਮਾਪਿਆਂ ਲਈ ਡੂੰਘੀ ਪੀੜ੍ਹੀ-ਪਾੜੇ ਅਤੇ ਭਾਵਨਾਤਮਕ ਤਣਾਅ ਦਾ ਕਾਰਨ ਬਣਦਾ ਹੈ। ਇਹ ਕਹਾਣੀ ਪੱਛਮੀ ਜਗਤ ਵਿੱਚ 'ਔਰਤ ਦੇ ਹੱਕਾਂ' ਅਤੇ ਉਸ ਦੀ 'ਸਰੀਰਕ ਸੁਤੰਤਰਤਾ' ਦੇ ਚੱਲ ਰਹੇ ਪ੍ਰਵਚਨਾਂ ਦੇ ਸਮਾਜਿਕ ਪ੍ਰਭਾਵਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ। ਪਿਤਾ ਆਪਣੇ ਧੀਆਂ-ਪੁੱਤਾਂ ਅੰਦਰ ਆ ਰਹੇ ਸੱਭਿਆਚਾਰਕ ਪਰਿਵਰਤਨਾਂ ਪ੍ਰਤੀ ਅਤਿਅੰਤ ਸੰਵੇਦਨਸ਼ੀਲ ਹੈ, ਵਿਸ਼ੇਸ਼ ਕਰਕੇ ਆਪਣੀ ਧੀ 'ਰੋਮੀ' ਦੇ ਪੱਛਮੀ ਮੁਕਤ-ਵਾਤਾਵਰਨ ਵਿੱਚ ਜਵਾਨ ਹੋਣ ਦੀ ਪ੍ਰਕਿਰਿਆ ਨੂੰ ਲੈ ਕੇ। ਰੋਮੀ ਦੇ ਵਿਅਕਤੀਗਤ ਆਜ਼ਾਦੀ-ਪੱਖੀ ਰੁਝਾਨ ਅਤੇ ਪੱਛਮੀ ਮੁਲਕ ਦੇ ਸੁਤੰਤਰ ਸੁਭਾਅ ਨੂੰ ਦੇਖ ਕੇ ਪਿਤਾ ਅੰਦਰੂਨੀ ਸੱਭਿਆਚਾਰਕ ਟਕਰਾਅ, ਦੁਚਿੱਤੀ ਅਤੇ ਗੰਭੀਰ ਮਾਨਸਿਕ ਤਣਾਅ ਵਿੱਚੋਂ ਗੁਜ਼ਰਦਾ ਹੈ, **"ਨਹੀਂ ਜੀ ਇਕ ਇਕੱਲਾ ਗੋਰਿਆਂ ਦਾ ਮਸਲਾ ਨਹੀਂ.... ਆਪਣੇ ਧੀਆ ਪੁੱਤਾਂ ਨੇ ਵੀ ਇਥੇ ਪਲਣਾ ਤੇ ਕੱਲ੍ਹ ਨੂੰ ਉਨ੍ਹਾਂ ਨੇ ਵੀ ਇਹ ਹੱਕ ਮੰਗਣੇ ਆ।"**[8] ਪਰਵਾਸੀ ਪਿਛਲੇ ਸੰਸਕਾਰਾਂ ਤੇ ਪੱਛਮੀ ਖੁੱਲ੍ਹੇਪਣ ਦੇ ਸੰਘਰਸ਼ ਵਿੱਚ ਡੂਬੇ ਰਹਿੰਦੇ ਹਨ।

ਉਸ ਦੀਆਂ ਕਹਾਣੀਆਂ ਔਰਤ ਦੀ ਹੋਂਦਮੂਲਕ ਆਜ਼ਾਦੀ ਦੇ ਨਾਲ-ਨਾਲ ਭੌਤਿਕਤਾਵਾਦੀ ਪ੍ਰਤੀਮਾਨਾਂ ਅਧੀਨ ਮਾਨਵੀ ਰਿਸ਼ਤਿਆਂ ਅਤੇ ਮਰਦ ਦੇ ਵਸਤੂਕਰਨ ਦੀ ਪ੍ਰਕਿਰਿਆ ਨੂੰ ਵੀ ਬੇਬਾਕੀ ਨਾਲ ਉਜਾਗਰ ਕਰਦੀਆਂ ਹਨ। ਇਸੇ ਸੰਦਰਭ ਅਧੀਨ ਉਸ ਦੀ ਕਹਾਣੀ 'ਡਾਇਮੰਡ ਰਿੰਗ' ਪਰਵਾਸੀ ਜੀਵਨ ਅੰਦਰਲੇ ਗੂੜ੍ਹੇ ਸੱਭਿਆਚਾਰਕ ਅੰਤਰਵਿਰੋਧਾਂ ਨੂੰ ਉਘੇੜਦੀ ਹੈ। ਕਹਾਣੀ ਦਾ ਪਾਤਰ 'ਮਿਸਟਰ ਖੰਨਾ' ਬਾਹਰੀ ਤੌਰ ਉੱਤੇ ਪੱਛਮੀ ਜੀਵਨ-ਸ਼ੈਲੀ ਨੂੰ ਅਪਣਾ ਚੁੱਕਾ ਹੈ, ਪਰ ਅੰਦਰੂਨੀ ਤੌਰ ਉੱਤੇ ਉਹ ਆਪਣੇ ਭਾਰਤੀ ਅਵਚੇਤਨ ਨੂੰ ਛੁਪਾ ਕੇ ਜਿਉਣ ਦੇ ਮਾਨਸਿਕ ਤਣਾਅ ਵਿੱਚੋਂ ਗੁਜ਼ਰਦਾ ਹੈ। ਦੂਜੇ ਪਾਸੇ ਉਸ ਦੀ ਪਤਨੀ 'ਮਿਸਿਜ਼ ਖੰਨਾ' ਵਿਦੇਸ਼ੀ ਵਾਤਾਵਰਨ ਵਿੱਚ ਰਹਿੰਦਿਆਂ ਵੀ ਮਾਨਸਿਕ ਤੌਰ ਉੱਤੇ ਪਰੰਪਰਾਗਤ ਭਾਰਤੀ ਸੰਸਕਾਰਾਂ ਨਾਲ ਜੁੜੀ ਹੋਈ ਹੈ, ਜਿਸ ਨੂੰ ਨਿਰੰਤਰ ਘਰੇਲੂ ਉਲਝਣਾਂ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਕਹਾਣੀ ਅੰਦਰ ਨਵਾਂ ਮੋੜ ਉਦੋਂ ਆਉਂਦਾ ਹੈ ਜਦੋਂ ਪੁੱਤਰ ਰਾਜੀਵ ਦੀ ਗੋਰੀ ਕੁੜੀ 'ਐਨਾ' ਨਾਲ ਮੰਗਣੀ ਤੋਂ ਬਾਅਦ, ਮਿਸਿਜ਼ ਖੰਨਾ ਆਪਣੀ ਕੀਮਤੀ 'ਡਾਇਮੰਡ ਰਿੰਗ' ਐਨਾ ਨੂੰ ਭਾਰਤੀ ਪਰੰਪਰਾ ਅਨੁਸਾਰ ਸ਼ਗਨ ਵਜੋਂ ਦੇ ਦਿੰਦੀ ਹੈ। ਪਰ ਜਦੋਂ ਰਾਜੀਵ ਅਤੇ ਐਨਾ ਦਾ ਇਹ ਸਬੰਧ ਟੁੱਟ ਜਾਂਦਾ ਹੈ ਤਾਂ ਮਿਸਟਰ ਖੰਨਾ ਆਰਥਿਕ ਅਤੇ ਭੌਤਿਕ ਨੁਕਸਾਨ ਅਤੇ ਸਭਿਆਚਾਰਕ ਠੇਸ ਕਾਰਨ ਗੰਭੀਰ ਮਾਨਸਿਕ ਪੀੜ ਅਨੁਭਵ ਕਰਦਾ ਹੈ। ਇਹ ਕਹਾਣੀ ਪਰਵਾਸ ਵਿੱਚ ਪੈਦਾ ਹੁੰਦੇ ਸੱਭਿਆਚਾਰਕ ਤਣਾਅ, ਪਰਿਵਾਰਕ ਰਿਸ਼ਤਿਆਂ ਦੇ ਮਸ਼ੀਨੀਕਰਨ ਅਤੇ ਆਧੁਨਿਕਤਾ ਦੇ ਪ੍ਰਭਾਵ ਹੇਠ ਉੱਭਰਦੇ ਸਵੈ-ਕੇਂਦਰਿਤ ਨਾਰੀ-ਰਵੱਈਏ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਚਿਤਰਦੀ ਹੈ। ਇਸੇ ਸੱਭਿਆਚਾਰਕ ਤੇ ਭੌਤਿਕ ਟਕਰਾਅ ਦੇ ਸੰਦਰਭ ਵਿੱਚ ਮਿਸਟਰ ਖੰਨਾ, ਮਿਸਿਜ਼ ਖੰਨਾ ਨੂੰ ਸਮਝਾਉਂਦਾ ਹੋਇਆ ਆਖਦਾ ਹੈ, **"ਤੂੰ ਕਹਿੰਦੀ ਸੀ ਕੁੜੀ ਬੜੀ ਬੀਬੀ ਆ, ਬਾਕੀ ਗੋਰੀਆਂ ਵਰਗੀ ਨੀਂ, ਅਸੀਂ ਕਿਤੇ ਭੂਲੇ ਹੋਏ ਆਂ ਗੋਰੀਆਂ ਨੂੰ... ਚੁੱਕ ਕੇ ਆਪਣੀ ਐਡੀ ਮਹਿੰਗੀ ਰਿੰਗ ਪਾ ਦਿੱਤੀ ਉਹਨੂੰ ਹੁਣ ? ਖ਼ਾਲੀ ਲੈ ਕੇ ਵਾਪਿਸ, ਨਾਲੇ ਦੇਊਗੀ ਤੈਨੂੰ ਉਹ...।"**[9] ਮਿਸਟਰ ਖੰਨਾ ਦੀ ਭੌਤਿਕ ਪ੍ਰਾਪਤੀ ਅਤੇ ਮਹਾਜਨੀ ਰੁਚੀ ਦੇ ਕਾਰਨ ਪਰਿਵਾਰਕ ਰਿਸ਼ਤੇ ਟੁੱਟ ਜਾਂਦੇ ਹਨ। ਉਸ ਦੇ ਬੱਚੇ ਪੱਛਮੀ ਸਭਿਆਚਾਰ ਤੋਂ ਪ੍ਰਭਾਵਿਤ ਹੋ ਕੇ ਪਰਿਵਾਰਕ ਬੰਧਨਾਂ ਤੋਂ ਦੂਰ ਹੋ ਜਾਂਦੇ ਹਨ। ਮਿਸਿਜ਼ ਖੰਨਾ ਸਮੇਂ ਦੀ ਘਾਟ ਕਰਕੇ ਆਪਣੇ ਪਰਿਵਾਰ ਤੋਂ ਵੱਖਰੀ ਹੋ ਗਈ ਹੈ। ਇਸ ਤਰ੍ਹਾਂ ਭੌਤਿਕ ਪ੍ਰਾਪਤੀ ਅਤੇ ਪੂੰਜੀ ਦੀ ਲਾਲਚ ਪਰਿਵਾਰਕ ਰਿਸ਼ਤਿਆਂ ਵਿਚ ਵਿਗਾੜ ਅਤੇ ਤਣਾਅ ਪੈਦਾ ਕਰਦੀ ਹੈ, ਜਿਸ ਨਾਲ ਮਨੁੱਖੀ ਸੰਬੰਧਾਂ ਦੀ ਵਿਧੀ ਗੜਬੜ ਹੋ ਜਾਂਦੀ ਹੈ।

ਅਮਨਪਾਲ ਸਾਰਾ ਦੀ ਕਹਾਣੀ 'ਰੂਹ ਦੀ ਸਾਂਝ' ਇੱਕ ਅਦਭੁਤ ਤੇ ਨਵੇਕਲੇ ਦ੍ਰਿਸ਼ਟੀਕੋਣ ਤੋਂ ਪੂਰਬੀ-ਪੱਛਮੀ ਪਰਿਵਾਰਕ ਸਾਂਝਾਂ ਅਤੇ ਉੱਤਰ-ਪੂੰਜੀਵਾਦੀ ਸਮਾਜ ਅੰਦਰਲੇ ਅੰਤਰ-ਦਵੰਦਾਂ ਨੂੰ ਰੂਪਮਾਨ ਕਰਦੀ ਹੈ। ਇਹ ਕਹਾਣੀ ਪੂੰਜੀਵਾਦੀ ਪ੍ਰਣਾਲੀ ਦੇ ਉਸ ਕਰੂਰ ਯਥਾਰਥ ਨੂੰ ਉਜਾਗਰ ਕਰਦੀ ਹੈ ਜਿੱਥੇ ਆਰਥਿਕ ਹਿਤ ਅਤੇ ਪੈਸੇ ਦੀ ਅੰਨ੍ਹੀ ਦੌੜ ਮਾਨਵੀ ਇਖਲਾਕ, ਨੈਤਿਕ ਮੁੱਲਾਂ ਅਤੇ ਰਿਸ਼ਤਿਆਂ ਨੂੰ ਵੀ ਮੰਡੀ ਦੀ ਵਸਤੂ ਵਿੱਚ ਬਦਲ ਦਿੰਦੀ ਹੈ। ਕਹਾਣੀ ਵਿੱਚ ਸ਼ਾਮਲ ਗੋਰਾ ਜੋੜਾ ਇਸੇ ਪੂੰਜੀਵਾਦੀ ਮਾਨਸਿਕਤਾ ਤੋਂ ਗ੍ਰਸਤ ਹੋ ਕੇ ਆਰਥਿਕ ਲਾਭ ਲਈ ਗੈਰ-ਨੈਤਿਕ ਅਤੇ ਅਣਮਨੁੱਖੀ ਰਾਹਾਂ ਦੀ ਚੋਣ ਕਰਦਾ ਹੈ। ਜਦੋਂ ਗੋਰਾ ਮੁੰਡਾ ਮਾਦੀ ਹਿਤਾਂ ਦੀ ਪੂਰਤੀ ਲਈ ਆਪਣੀ ਹੀ ਪ੍ਰੇਮਿਕਾ ਨੂੰ ਗੈਰ-ਮਰਦ ਕੋਲ ਭੇਜਦਾ ਹੈ ਤਾਂ ਇਹ ਘਟਨਾ ਪਰੰਪਰਾਗਤ ਭਾਰਤੀ ਅਤੇ ਪੰਜਾਬੀ ਮਾਨਸਿਕਤਾ ਵਾਲੇ 'ਟੈਕਸੀ ਡਰਾਈਵਰ' ਨੂੰ ਡੂੰਘੀ ਮਾਨਸਿਕ ਅਤੇ ਸੱਭਿਆਚਾਰਕ ਠੇਸ ਪਹੁੰਚਾਉਂਦੀ ਹੈ। ਟੈਕਸੀ ਡਰਾਈਵਰ ਦੀ ਇਹ ਹੈਰਾਨੀ ਪੱਛਮੀ ਸਮਾਜ ਵਿੱਚ ਵਿਘਟਤ ਹੋ ਰਹੇ ਇਖਲਾਕ ਅਤੇ ਆਧੁਨਿਕ ਮਨੁੱਖ ਦੇ ਹੋਂਦਮੂਲਕ ਸੰਕਟ ਉੱਤੇ ਕਰਾਰੀ ਚੋਟ ਕਰਦੀ ਹੈ। ਇਸੇ ਸਮਾਜਿਕ ਤੇ ਮਾਨਸਿਕ ਅਸੰਤੁਲਨ ਨੂੰ ਬਿਆਨ ਕਰਦਿਆਂ ਉਹ ਆਖਦਾ ਹੈ, **"ਪੇਟ ਅੰਦਰਲੀ ਅੱਗ ਬੁਝਾਉਣ ਦਾ ਹੀ ਚੱਕਰ ਹੈ ਸਾਰਾ।"**[10] ਗੋਰੇ ਨੌਜਵਾਨਾਂ ਦੇ ਗ਼ੈਰ-ਸਦਾਚਾਰਕ ਵਿਹਾਰ ਦਾ ਪਿਛੋਕੜ ਬੇਰੁਜ਼ਗਾਰੀ ਅਤੇ ਪੂੰਜੀਵਾਦੀ ਪ੍ਰਬੰਧ ਹੈ, ਜਿਸ ਕਰਕੇ ਸਮਾਜ ਵਿੱਚ ਨਵੇਂ ਰਿਸ਼ਤਿਆਂ ਦੇ ਅਰਥ ਬਣ ਰਹੇ ਹਨ ਜਿਹੜੇ ਪੱਛਮੀ ਸਮਾਜ ਦੀ ਅੰਦਰਲੀ ਕਰੂਪਤਾ ਨੂੰ ਉਜਾਗਰ ਕਰਦੇ ਹਨ। ਡਾ. ਹਰਬਿੰਦਰ ਕੌਰ ਨੇ ਇਸ ਕਹਾਣੀ ਬਾਰੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਇਹ ਕਹਾਣੀ ਪੱਛਮੀ ਸਮਾਜ ਦੇ ਯਥਾਰਥ ਨੂੰ ਬੜੀ ਸਚਾਈ ਨਾਲ ਪੇਸ਼ ਕਰਦੀ ਹੈ :

> **" ਉੱਤਰ-ਉਦਯੋਗਕ ਯੁੱਗ ਦੀ ਪੈਦਾਵਾਰ ਉੱਤਰ-ਆਧੁਨਿਕ ਸਮਾਜਾਂ ਵਿਚ ਮਾਨਵੀ ਰਿਸ਼ਤੇ ਪੁਨਰ ਪਰਿਭਾਸ਼ਤ ਹੋਣ ਜਾ ਰਹੇ ਹਨ। ਦੁਖਦਾਈ ਗੱਲ ਇਹ ਹੈ ਕਿ ਨਵੇਂ ਸਮਾਜ ਵਿਚ ਵੀ ਪੈਸੇ ਦੀ ਸਰਦਾਰੀ ਮਾਨਵੀ ਸ਼ੋਸ਼ਣ, ਔਰਤ ਸ਼ੋਸ਼ਣ ਉਂਝ ਹੀ ਬਰਕਰਾਰ ਹੈ। ਪੱਛਮੀ ਮੁਲਕਾਂ ਦੀ ਬਾਹਰੀ ਚਮਕ ਦਮਕ ਦੇ ਪਿੱਛੇ ਕੁਹਜ ਛੁਪਿਆ ਹੋਇਆ ਹੈ। 'ਰੂਹ ਦੀ ਸਾਂਝ' ਨਵੇਂ ਪ੍ਰਸ਼ਨ ਖੜ੍ਹੇ ਕਰਦੀ ਹੈ।"**[11]

'ਇਕ ਵੀਰ ਦੇਈਂ ਵੇ ਰੱਬਾ' ਕਹਾਣੀ ਔਰਤ ਦੀ ਸੋਚ ਵਿਚ ਆ ਰਹੇ ਬਦਲਾਵ ਅਤੇ ਉਸਦੀ ਨਵੀਂ ਮਾਨਸਿਕਤਾ ਨਾਲ ਸਬੰਧਿਤ ਹੈ। ਇਸ ਕਹਾਣੀ ਵਿਚ ਔਰਤ ਆਪਣੀ ਪੀੜ੍ਹੀ-ਦਰ-ਪੀੜ੍ਹੀ ਚਲਦੀ ਆ ਰਹੀ ਰੂੜ੍ਹੀਵਾਦੀ ਸੋਚ ਤੋਂ ਮੁਕਤ ਹੋ ਰਹੀ ਹੈ ਅਤੇ ਸਮਾਜ ਦੇ ਬਦਲਦੇ ਰੂਪ ਨਾਲ ਢਲਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬੀ ਸਭਿਆਚਾਰ ਵਿੱਚ ਔਰਤ ਨੂੰ ਭਰਾ, ਪਤੀ ਅਤੇ ਪਿਤਾ ਦੀ ਮੁਥਾਜ ਰਹਿਣਾ ਪੈਂਦਾ ਹੈ, ਪਰ ਪਰਵਾਸੀ ਪੰਜਾਬੀ ਔਰਤ ਕੁੱਝ ਵੱਖਰੇ ਸੰਘਰਸ਼ਾਂ ਨਾਲ ਜੂਝ ਰਹੀ ਹੈ। ਰੱਖੜੀ ਦੇ ਤਿਉਹਾਰ ਵਿੱਚ ਭੈਣ ਅਤੇ ਭਰਾ ਦੇ ਪਿਆਰ ਭਰੇ ਰਿਸ਼ਤੇ ਨੂੰ ਉਭਾਰਿਆ ਗਿਆ ਹੈ ਜਿਹੜਾ ਕਿ ਭਾਰਤੀ ਸਭਿਆਚਾਰ ਦਾ ਹਿੱਸਾ ਹੈ, ਪਰ ਇਹ ਪਰਵਾਸੀ ਪੰਜਾਬੀ ਨੌਜਵਾਨ ਪੀੜ੍ਹੀ ਲਈ ਬੇਮਤਲਬ ਹੋ ਗਿਆ ਹੈ। ਬੱਚੇ ਆਪਣੇ ਸਭਿਆਚਾਰ ਵਿੱਚ ਰੁਝਨ ਤੇ ਤਣਾਅ ਦੇ ਮੋੜ ਵਿਚ ਪੈ ਜਾਂਦੇ ਹਨ। ਇਹ ਸਮਾਜਿਕ ਦਵੰਦ ਅਤੇ ਸਭਿਆਚਾਰਿਕ ਰਸਮਾਂ ਦੇ ਅਹਿਸਾਸ ਦੀ ਕਮੀ ਦਰਸਾਉਂਦੀ ਹੈ, ਜਿਸ ਕਰਕੇ ਪਰਵਾਸੀ ਪੰਜਾਬੀ ਆਪਣੇ ਮੂਲ ਸਭਿਆਚਾਰ ਨਾਲ ਟੁੱਟ ਰਹੇ ਹਨ। ਉਹ ਆਪਣੇ ਮੂਲ ਰਿਵਾਜਾਂ ਨਾਲੋਂ ਦੂਰ ਹੋ ਰਹੇ ਹਨ ਅਤੇ ਆਪਣੀ ਪਛਾਣ ਨੂੰ ਮੁਸ਼ਕਿਲੀ ਨਾਲ ਸੰਭਾਲ ਰਹੇ ਹਨ। ਕਹਾਣੀ ਦਾ ਇਹ ਬਿਰਤਾਂਤਕ ਟੋਟਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ, **"ਹੁਣ ਤਾਂ ਕਦੀ ਰੇਡੀਓ ਜਾਂ ਟੀ.ਵੀ. ਪ੍ਰੋਗਰਾਮ ਤੋਂ ਭਾਵੇਂ ਰੱਖੜੀ ਦਾ ਚੇਤਾ ਜਾਵੇ, ਵਰਨਾ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਇਹ ਤਿਉਹਾਰ ਆਇਆ ਤੇ ਕਦੋਂ ਗਿਆ।"**[12]

## ਨਿਸ਼ਕਰਸ਼:

ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿੱਚ ਨਾਰੀ-ਸੰਵੇਦਨਾ ਅਤੇ ਨਵੀਂ ਪੀੜ੍ਹੀ ਦੇ ਜੀਵਨ-ਯਥਾਰਥ ਦੇ ਵਿਭਿੰਨ ਪੱਖਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਨਿਸ਼ਕਰਸ਼ ਨਿਕਲਦਾ ਹੈ ਕਿ ਉਹ ਆਪਣੀ ਗਲਪ-ਸਿਰਜਣਾ ਵਿੱਚ ਔਰਤ ਦੀ ਸਥਿਤੀ ਉਸ ਦੇ ਹੋਂਦਮੂਲਕ ਅਧਿਕਾਰਾਂ ਅਤੇ ਨਵੀਂ ਪੀੜ੍ਹੀ ਦੇ ਅੰਤਰ-ਦਵੰਦਾਂ ਨੂੰ ਇੱਕ ਨਵੀਂ ਉੱਤਰ-ਆਧੁਨਿਕ ਦ੍ਰਿਸ਼ਟੀ ਨਾਲ ਪੇਸ਼ ਕਰਦਾ ਹੈ। ਉਹ ਮਾਨਵੀ ਰਿਸ਼ਤਿਆਂ ਦੇ ਬਦਲਦੇ ਸਰੂਪਾਂ ਨੂੰ ਦਰਸਾਉਂਦਿਆਂ ਇਸ ਬਦਲਾਅ ਪਿੱਛੇ ਕਾਰਜਸ਼ੀਲ ਸਮਾਜਿਕ-ਆਰਥਿਕ ਕਾਰਕਾਂ ਅਤੇ ਮਸ਼ੀਨੀ ਜੀਵਨ-ਸ਼ੈਲੀ ਦੀ ਪ੍ਰਕਿਰਿਆ ਨੂੰ ਬਹੁਤ ਹੀ ਸੂਖਮਤਾ ਨਾਲ ਉਕੇਰਦਾ ਹੈ। ਸਾਰਾ ਨੇ ਆਪਣੇ ਨਾਰੀ ਪਾਤਰਾਂ ਨੂੰ ਕੇਵਲ ਪਰੰਪਰਾਗਤ ਗਲਪੀ-ਕਿਰਦਾਰਾਂ ਤੱਕ ਸੀਮਤ ਨਹੀਂ ਰੱਖਿਆ, ਸਗੋਂ ਉਨ੍ਹਾਂ ਨੂੰ ਪ੍ਰਗਤੀਸ਼ੀਲਤਾ ਨਾਲ ਜੋੜਦਿਆਂ ਆਰਥਿਕ ਸਵੈ-ਨਿਰਭਰਤਾ, ਆਤਮ-ਵਿਸ਼ਵਾਸ ਅਤੇ ਸਵੈ-ਪਛਾਣ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਪਰਵਾਸੀ ਪੰਜਾਬੀ ਔਰਤ ਹਰ ਤਰ੍ਹਾਂ ਦੀਆਂ ਪ੍ਰਤੀਕੂਲ ਸਥਿਤੀਆਂ ਨਾਲ ਜੂਝਦੀ ਹੋਈ ਆਪਣੇ ਅਧਿਕਾਰਾਂ ਦੀ ਮਜ਼ਬੂਤ ਦਾਅਵੇਦਾਰੀ ਕਰਦੀ ਹੈ। ਉਹ ਸਮਾਜਿਕ-ਆਰਥਿਕ ਪੱਧਰ ਉੱਤੇ ਆਪਣੀ ਮੰਦੀ ਹਾਲਤ ਨੂੰ ਬਦਲਣ ਲਈ ਯਤਨਸ਼ੀਲ ਹੈ ਅਤੇ ਪਿਤਰ-ਸੱਤਾਤਮਕ ਸੋਚ ਵਾਲੇ ਮਰਦ-ਪ੍ਰਧਾਨ ਸਮਾਜ ਨੂੰ ਇਹ ਸਪੱਸ਼ਟ ਸੁਨੇਹਾ ਦਿੰਦੀ ਹੈ ਕਿ ਔਰਤ ਸਿਰਫ਼ ਭੋਗ-ਵਿਲਾਸ ਦੀ ਵਸਤੂ ਨਹੀਂ, ਸਗੋਂ ਇੱਕ ਸੁਤੰਤਰ ਸਮਾਜਿਕ ਪ੍ਰਾਣੀ ਹੈ ਜਿਹੜੀ ਬਰਾਬਰਤਾ ਦਾ ਹੱਕ ਰੱਖਦੀ ਹੈ।

ਅਮਨਪਾਲ ਸਾਰਾ ਦਾ ਗਲਪ-ਚਿੰਤਨ ਪੱਛਮੀ ਸਮਾਜ ਵਿੱਚ ਨਵੀਂ ਪੀੜ੍ਹੀ ਦੇ ਗੰਭੀਰ ਹੋਂਦਮੂਲਕ ਤੇ ਨੈਤਿਕ ਸੰਕਟ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਮੰਡੀ-ਪ੍ਰਧਾਨ ਸੱਭਿਆਚਾਰ, ਪਰਿਵਾਰਕ ਤਿੜਕਨ ਅਤੇ ਵਿਆਹ-ਸੰਸਥਾ ਦੇ ਅਸੰਤੁਲਨ ਕਾਰਨ ਨਵੀਂ ਪੀੜ੍ਹੀ ਬੁਨਿਆਦੀ ਮਾਨਵੀ ਮੁੱਲਾਂ ਤੋਂ ਵਾਂਝੀ ਹੋ ਕੇ ਮਾਨਸਿਕ ਅਸਥਿਰਤਾ, ਇਕਲਾਪੇ ਅਤੇ ਬੇਗਾਨਗੀ ਦਾ ਸ਼ਿਕਾਰ ਹੋ ਰਹੀ ਹੈ। ਸਾਰਾ ਦੀਆਂ ਕਹਾਣੀਆਂ ਨਾਰੀ-ਚੇਤਨਾ ਦੀ ਮਜ਼ਬੂਤ ਆਵਾਜ਼ ਬੁਲੰਦ ਕਰਨ ਦੇ ਨਾਲ-ਨਾਲ ਪਰਵਾਸੀ ਜੀਵਨ ਅੰਦਰ ਪੀੜ੍ਹੀ-ਪਾੜੇ ਅਤੇ ਨਵੀਂ ਪੀੜ੍ਹੀ ਦੇ ਸੱਭਿਆਚਾਰਕ ਸੰਕਟਾਂ ਦਾ ਪ੍ਰਮਾਣਿਕ ਤੇ ਚਿੰਤਨਸ਼ੀਲ ਦਸਤਾਵੇਜ਼ ਬਣਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ


[1]. ਚੰਦਰਾ ਤਲਪੜੇ ਮੋਹੰਤੀ , **ਅੰਡਰ ਵੈਸਟਰਨ ਆਈਜ਼: ਫੈਮੀਨਿਸਟ ਸਕਾਲਰਸ਼ਿਪ ਐਂਡ ਕੋਲੋਨੀਅਲ ਡਿਸਕੋਰਸਿਜ਼**, ਪੰਨਾ ਨੰਬਰ-53

[2]. ਅਵਤਾਰ ਬ੍ਰਾਹ, **ਕਾਰਟੋਗ੍ਰਾਫ਼ੀਜ਼ ਆਫ਼ ਡਿਆਸਪੋਰਾ: ਕੰਟੈਸਟਿਡ ਆਈਡੈਂਟਿਟੀਜ਼** , ਪੰਨਾ ਨੰਬਰ-189

[3]. ਰਜਨੀਸ਼ ਬਹਾਦਰ ਸਿੰਘ, **ਅਜੋਕੇ ਪੰਜਾਬੀ ਕਹਾਣੀ : ਕਥਾ ਪ੍ਰਵਚਨ** , ਪੰਨਾ-28

[4]. ਹਰਬਿੰਦਰ ਕੌਰ, **ਉੱਤਰੀ ਅਮਰੀਕਾ ਦੇ ਪੰਜਾਬੀ ਸਾਹਿਤ ਸਮਾਜ ਸ਼ਾਸਤਰੀ ਪਰਿਪੇਖ**, ਪੰਨਾ-57

[5]. ਹਰਚੰਦ ਸਿੰਘ ਬੇਦੀ, **ਪਰਵਾਸੀ ਪੰਜਾਬੀ ਕਹਾਣੀ : ਪਾਠ ਤੇ ਪ੍ਰਸੰਗ**, ਪੰਨਾ-90

[6]. ਅਮਨਪਾਲ ਸਾਰਾ, **ਸਰਦ ਰਿਸ਼ਤੇ,** ਪੰਨਾ-24

[7]. ਉਹੀ, ਪੰਨਾ-25

[8]. ਅਮਨਪਾਲ ਸਾਰਾ, **ਵੀਹਾਂ ਦਾ ਨੋਟ**, ਪੰਨਾ-59

[9]. ਅਮਨਪਾਲ ਸਾਰਾ, **ਡਾਇਮੰਡ ਰਿੰਗ**, ਪੰਨਾ-96

[10]. ਅਮਨਪਾਲ ਸਾਰਾ, **ਵੀਹਾਂ ਦਾ ਨੋਟ**, ਪੰਨਾ-124

[11]. ਹਰਬਿੰਦਰ ਕੌਰ, **ਉੱਤਰੀ ਅਮਰੀਕਾ ਦੇ ਪੰਜਾਬੀ ਸਾਹਿਤ ਸਮਾਜ ਸ਼ਾਸਤਰੀ ਪਰਿਪੇਖ**, ਪੰਨਾ-81

[12]. ਅਮਨਪਾਲ ਸਾਰਾ, **ਵੀਹਾਂ ਦਾ ਨੋਟ**, ਪੰਨਾ-102


## *Cite this Article:*


**ਸੁਨੀਤਾ ਰਾਣੀ. (2026). ਅਮਨਪਾਲ ਸਾਰਾ ਦੀਆਂ ਕਹਾਣੀਆਂ ਵਿੱਚ ਨਾਰੀ-ਚੇਤਨਾ ਅਤੇ ਨਵੀਂ ਪੀੜ੍ਹੀ ਦੇ ਅੰਤਰ-ਦਵੰਦ**. *International Journal of Multidisciplinary Research in Arts, Science and Technology (IJMRAST), 4(8), 1–6.*

***Journal URL:*** *https://ijmrast.com/* ***DOI:*** *https://doi.org/10.59828/ijmrast.v4i8.301*



This work is licensed under a Creative Commons Attribution-Non-Commercial 4.0 International License.

© The Author(s) 2026. IJMRAST Published by Surya Multidisciplinary Publication.

***Disclaimer/Publisher's Note****: The author(s) are solely responsible for the content and claims of this article. The publisher and editors assume no legal liability for any errors, copyright violations, or damages arising from its use.*